# ਦਫਤਰ ਨਗਰ ਨਿਗਮ ਬਠਿੰਡਾ।

ਨਗਰ ਨਿਗਮ, ਬਠਿੰਡਾ ਦੀ ਫਾਈਨਾਂਸ ਅਤੇ ਕੰਟਰੈਕਟ ਕਮੇਟੀ ਦੀ ਮੀਟਿੰਗ ਮਿਤੀ 17.02.2016 ਨੂੰ ਦੁਪਹਿਰ 12.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਨਾਮ |
|---|---|
| 1. | ਸ਼੍ਰੀ ਬਲਵੰਤ ਰਾਏ ਨਾਥ,<br>ਮੇਅਰ |
| 2. | ਸ਼੍ਰੀ ਤਰਸੇਮ ਚੰਦ ਗੋਇਲ<br>ਸੀਨੀਅਰ ਡਿਪਟੀ ਮੇਅਰ |
| 3. | ਸ਼੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ<br>ਡਿਪਟੀ ਮੇਅਰ |
| 4. | ਸ਼੍ਰੀ ਹਰਮੰਦਰ ਸਿੰਘ, ਕੋਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 5. | ਸ਼੍ਰੀ ਨਿਰਮਲ ਸਿੰਘ ਸੰਧੂ, ਕੋਂਸਲਰ<br>ਮੈਂਬਰ ਐਫ.ਐਂਡ ਸੀ.ਸੀ. |
| 6. | ਸ਼੍ਰੀ ਅਨਿਲ ਕੁਮਾਰ ਗਰਗ, ਪੀ.ਸੀ.ਐਸ<br>ਕਮਿਸ਼ਨਰ, ਨਗਰ ਨਿਗਮ, ਬਠਿੰਡਾ। |

ਇਸ ਉਪਰੰਤ ਫਾਈਨਾਂਸ ਐਂਡ ਕੰਟਰੈਕਟ ਕਮੇਟੀ ਦੀ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

s

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1.</td><td>51</td><td><u>ਏਜੰਡਾ ਨੰ: 1</u><br>ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 17.02.2016 ਦੀ ਕਾਰਵਾਈ ਦੀ ਪਕਿਆਈ।</td><td>ਮੀਟਿੰਗ ਮਿਤੀ 17.02.2016 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।</td></tr>
<tr><td>2.</td><td>52</td><td><u>ਏਜੰਡਾ ਨੰ: 2</u><br>ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਜ਼ੋਨ ਨੰਬਰ 1 ਅਤੇ 2 ਦੇ ਪਾਣੀ/ਸੀਵਰੇਜ਼ ਦੇ ਬਕਾਇਆਜਾਤ ਦੀ ਵਸੂਲੀ ਕਰਨ ਅਤੇ ਅਣਅਧਿਕਾਰਤ ਕੁਨੈਕਸ਼ਨਾਂ ਨੂੰ ਰੈਗੂਲਰ ਕਰਨ ਦਾ ਕੰਮ ਇੱਕ ਸਾਲ ਲਈ ਠੇਕੇ ਤੇ ਦੇਣ ਬਾਰੇ ਮਾਨਯੋਗ ਹਾਉਸ ਦੀ ਪ੍ਰਵਾਨਗੀ ਮਤਾ ਨੰਬਰ 95(31) ਮਿਤੀ 14.12.2015 ਦੇ ਮੁਤਾਬਿਕ ਇਸ ਕੰਮ ਲਈ ਟੈਂਡਰ ਮਿਤੀ 18.01.2016 ਨੂੰ ਕਾਲ ਕੀਤੇ ਗਏ ਸਨ, ਜਿਸ ਵਿੱਚ ਨਿਮਨਲਿਖਤ ਅਨੁਸਾਰ ਤਿੰਨ ਵਿਅਕਤੀਆਂ ਦੇ ਟੈਂਡਰ ਰੇਟ ਪ੍ਰਾਪਤ ਹੋਏ ਹਨ:-<br><br>
<table>
<tr><th>ਲੜੀ ਨੰ:</th><th>ਵਿਅਕਤੀ ਦਾ ਨਾਮ</th><th colspan="2">ਟੈਂਡਰ ਦੇ ਰੇਟ ਜੋ ਪ੍ਰਾਪਤ ਹੋਏ</th></tr>
<tr><td></td><td></td><td>ਵਸੂਲੀ</td><td>ਕੁਨੈਕਸ਼ਨ ਫੀਸ ਪ੍ਰਤੀ ਕੁਨੈਕਸ਼ਨ</td></tr>
<tr><td>1</td><td>ਨਿਤਿਨ ਸ਼ਰਮਾ</td><td>5%</td><td>199/- ਰੁਪਏ</td></tr>
<tr><td>2</td><td>ਰਾਜਪਾਲ ਕੋਰ</td><td>4.95%</td><td>197/- ਰੁਪਏ</td></tr>
<tr><td>3</td><td>ਰਤਨ ਸਿੰਘ ਬਾਜਵਾ</td><td>4.97%</td><td>198/- ਰੁਪਏ</td></tr>
<tr><td></td><td>ਨਿਗਮ ਵੱਲੋਂ ਨਿਰਧਾਰਤ ਰੇਟ</td><td>5%</td><td>200/- ਰੁਪਏ</td></tr>
</table>
<br>ਸੋ, ਉਕਤ ਮੁਤਾਬਿਕ ਸੱਭ ਤੋਂ ਘੱਟ ਰੇਟ ਰਾਜਪਾਲ ਕੋਰ ਪਤਨੀ ਸ਼੍ਰੀ ਬਲਜਿੰਦਰ ਸਿੰਘ ਦਾ 5% ਦੇ ਵਿਰੁੱਧ 4.95% ਅਤੇ ਕੁਨੈਕਸ਼ਨ ਚਾਰਜਿਜ਼ ਫੀਸ 200/- ਰੁਪਏ ਪ੍ਰਤੀ ਕੁਨੈਕਸ਼ਨ ਦੇ ਵਿਰੁੱਧ 197/- ਰੁਪਏ ਪ੍ਰਤੀ ਕੁਨੈਕਸ਼ਨ ਪ੍ਰਾਪਤ ਹੋਇਆ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚ ਚੱਲ ਰਹੇ ਅਣਅਧਿਕਾਰਤ ਕੁਨੈਕਸ਼ਨਾਂ ਨੂੰ ਰੈਗੂਲਰ ਕਰਾਉਣ ਉਪਰੰਤ ਹੀ ਠੇਕੇਦਾਰ ਨੂੰ ਡਿਫਾਲਟਰ ਪਾਸੋਂ ਬਣਦੇ ਪਿਛਲੇ ਤਿੰਨ ਸਾਲਾਂ ਦੇ ਪਾਣੀ/ਸੀਵਰੇਜ਼ ਦੇ ਬਿਲਾਂ ਦੀ ਭਰਵਾਈ ਰਕਮ ਤੇ 4.95% ਰੇਟ ਦੇ ਹਿਸਾਬ ਨਾਲ ਅਦਾਇਗੀ ਵੀ ਕੀਤੀ ਜਾਵੇ ਅਤੇ ਉਸ ਉਪਰੰਤ ਹੀ ਠੇਕੇਦਾਰ ਨੂੰ ਪ੍ਰਤੀ ਯੂਨਿਟ ਕੁਨੈਕਸ਼ਨ ਫੀਸ ਦਿੱਤੀ ਜਾਵੇ। ਇਸਤੋਂ ਇਲਾਵਾ ਠੇਕੇਦਾਰ ਵੱਲੋਂ ਜਿਸ ਏਰੀਏ ਵਿੱਚ ਕੰਮ ਸ਼ੁਰੂ ਕੀਤਾ ਜਾਵੇਗਾ, ਉਸ ਏਰੀਏ ਵਿੱਚ ਕੰਮ ਮੁੱਕਮੱਲ ਕਰਨ ਉਪਰੰਤ ਠੇਕੇਦਾਰ ਇਹ ਸਰਟੀਫਿਕੇਟ ਦੇਵੇਗਾ ਕਿ ਇਸ ਏਰੀਏ ਵਿੱਚ ਹੋਰ ਕੋਈ ਅਣਅਧਿਕਾਰਤ ਕੁਨੈਕਸ਼ਨ ਨਹੀਂ ਚੱਲ ਰਿਹਾ। ਜੇਕਰ ਬਾਦ ਵਿੱਚ ਕੋਈ ਅਣਅਧਿਕਾਰਤ ਕੁਨੈਕਸ਼ਨ ਪਾਇਆ ਜਾਂਦਾ ਹੈ ਤਾਂ ਠੇਕੇਦਾਰ ਪਾਸੋਂ 1000/- ਰੁਪਏ ਪ੍ਰਤੀ ਕੁਨੈਕਸ਼ਨ ਚਾਰਜ਼ ਵਸੂਲ ਕੀਤੇ ਜਾਣ। ਠੇਕੇਦਾਰ ਦੇ ਕਹਿਣ ਤੇ ਜੇਕਰ ਕੋਈ ਵਿਅਕਤੀ ਕੁਨੈਕਸ਼ਨ ਰੈਗੂਲਰ ਨਹੀਂ ਕਰਵਾਉਂਦਾ ਤਾਂ ਨਿਗਮ ਵੱਲੋਂ ਉਸ ਵਿਅਕਤੀ ਦਾ ਚੱਲ ਰਿਹਾ ਅਣਅਧਿਕਾਰਤ ਕੁਨੈਕਸ਼ਨ ਕੱਟ ਦਿਤਾ ਜਾਵੇ।</td></tr>
<tr><td>3.</td><td>53</td><td><u>ਏਜੰਡਾ ਨੰ: 3</u><br>ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂਆਂ ਨੂੰ ਫੜ੍ਹਨ, ਗਊਸ਼ਾਲਾ ਵਿੱਚ ਛੱਡਣ ਲਈ ਚਾਹਵਾਨ ਵਿਅਕਤੀਆਂ/ਸੰਸਥਾਂਵਾਂ ਤੋਂ ਮਿਤੀ 09.02.2016 ਤੱਕ ਦਿਲਚਸਪੀ ਦਾ ਪ੍ਰਗਟਾਵਾ ਮੰਗਿਆ ਗਿਆ ਸੀ। ਸਿਰਫ ਇੱਕ ਈ.ਓ.ਆਈ. ਸ਼੍ਰੀ ਨਰਿੰਦਰ ਕੁਮਾਰ ਪੁੱਤਰ ਸ਼੍ਰੀ ਮਦਨ ਲਾਲ, ਨਿਵਾਸੀ ਮਹਿਤਾ ਵੱਲੋਂ ਪ੍ਰਾਪਤ ਹੋਇਆ ਹੈ। ਪੇਸ਼ਕਾਰ ਵੱਲੋਂ ਸ਼ਰਤਾਂ ਮੁਤਾਬਿਕ 20000/- ਰੁਪਏ ਦਾ ਡਰਾਫਟ ਵੀ ਲਗਾਇਆ ਹੈ। ਬਿਨੈਕਾਰ ਨੇ ਹੇਠ ਲਿਖੀਆਂ ਸ਼ਰਤਾਂ ਤੇ ਆਧਾਰਿਤ ਕੰਮ ਕਰਨ ਦੀ ਪੇਸ਼ਕਸ਼ ਦਿੱਤੀ ਹੈ।<br>1. ਇਹ ਕਿ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂ ਫੱੜ੍ਹ ਕੇ ਨਿਗਮ ਵੱਲੋਂ ਨਿਸ਼ਚਿਤ ਕੀਤੀ ਗਊਸ਼ਾਲਾ ਵਿੱਚ ਬੀੜ ਸਿੱਖਾਂ ਵਾਲਾ (ਫਰੀਦਕੋਟ) ਵਿਖੇ ਛੱਡਣ ਲਈ ਪ੍ਰਤੀ ਪਸ਼ੂ 450/- ਰੁਪਏ ਲਵੇਗਾ।<br>2. ਇਹ ਕਿ ਬੇਸਹਾਰਾ ਪਸ਼ੂਆਂ ਨੂੰ ਛੱਡਣ ਲਈ ਲੋੜੀਂਦੇ ਟਰੱਕ, ਟਰਾਲੇ ਅਤੇ ਇਹਨਾਂ ਟਰੱਕਾਂ, ਟਰਾਲਿਆਂ ਵਿੱਚ ਲਿਫਟ ਕਰਨ ਲਈ ਲੋੜੀਂਦੀਆਂ ਛੋਟੀਆਂ ਗੱਡੀਆਂ ਨਿਗਮ ਵੱਲੋਂ ਮੁੱਹਈਆ ਕਰਵਾਈਆਂ ਜਾਣਗੀਆਂ।<br>3. ਇਹ ਕਿ ਇਹਨਾਂ ਗੱਡੀਆਂ ਨੂੰ ਚਲਾਉਣ ਲਈ ਡਰਾਈਵਰ ਅਤੇ ਤੇਲ ਆਦਿ ਦਾ ਖਰਚਾ ਨਿਗਮ ਵੱਲੋਂ ਦਿੱਤਾ ਜਾਵੇਗਾ।</td><td></td></tr>
</table>

| | | | |
|---|---|---|---|
| | | 4. ਇਹ ਕਿ ਫੜ੍ਹੇ ਗਏ ਬੇਸਹਾਰਾ ਪਸ਼ੂਆਂ ਤੇ ਟੈਗ ਉਸੇ ਵੱਲੋਂ ਲਗਾਇਆ ਜਾਵੇਗਾ।<br>5. ਇਹ ਕਿ ਬੇਸਹਾਰਾ ਪਸ਼ੂਆਂ ਨੂੰ ਫੜ੍ਹਨ ਲਈ ਲੇਬਰ, ਰੱਸੇ ਅਤੇ ਲੋੜੀਂਦਾ ਹੋਰ ਸਮਾਨ ਉਸ ਵੱਲੋਂ ਦਿੱਤਾ ਜਾਵੇਗਾ।<br>6. ਪੇਸ਼ਕਸ਼ ਕਰਤਾ ਵੱਲੋਂ ਮੁੱਹਈਆ ਕਰਵਾਈ ਜਾਣ ਵਾਲੀ ਲੇਬਰ ਦਾ ਗਰੁੱਪ ਬੀਮਾ ਨਿਗਮ ਵੱਲੋਂ ਕੀਤਾ ਜਾਵੇਗਾ।<br>ਦਫਤਰ ਵੱਲੋਂ ਆਈ ਪੇਸ਼ਕਸ਼ ਪ੍ਰਵਾਨ ਦੀ ਸਿਫਾਰਸ਼ ਕੀਤੀ ਗਈ ਹੈ। ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।**<br>**ਮਜ਼ੀਦ ਪਾਸ ਕੀਤਾ ਗਿਆ ਕਿ ਠੇਕੇਦਾਰ ਵੱਲੋਂ ਨਿਗਮ ਦੀਆਂ ਸਪੈਸੀਫਿਕੇਸ਼ਨਾਂ ਮੁਤਾਬਿਕ ਹੀ ਟੈਗ ਲਗਾਏ ਜਾਣ।** |
| **4.** | 54 | **ਏਜੰਡਾ ਨੰ: 4**<br>ਰਿਪੋਰਟ ਸਿਹਤ ਸ਼ਾਖਾ ਕਿ ਸਿਹਤ ਸ਼ਾਖਾ ਪਾਸ ਇਸ ਵੇਲੇ 16 ਟ੍ਰੈਕਟਰ, ਇੱਕ ਜੇ.ਸੀ.ਬੀ. ਇੱਕ ਲੋਡਰ, ਇੱਕ ਟਾਟਾ 407, 3 ਟਾਟਾ ਐਸ ਚੱਲ ਰਹੇ ਹਨ। ਇਹਨਾਂ ਵਿੱਚੋਂ 2 ਟ੍ਰੈਕਟਰ ਨੰਬਰ ਪੀ.ਬੀ.03-664 ਅਤੇ ਪੀ.ਬੀ.03 ਟੀ-1828, ਇੱਕ ਲੋਡਰ ਅਤੇ ਇੱਕ ਜੇ.ਸੀ.ਬੀ. ਪੀ.ਬੀ. 03 ਕਿਊ-9002 ਨੂੰ G.P.R.S. ਲੱਗਿਆ ਹੋਇਆ ਹੈ।<br>ਇਸਤੋਂ ਇਲਾਵਾ 14 ਟ੍ਰੈਕਟਰ, ਤਿੰਨ ਟਾਟਾ ਐਸ ਅਤੇ ਇੱਕ ਟਾਟਾ 407 ਨੂੰ ਇਹ ਸਿਸਟਮ ਨਹੀਂ ਲੱਗਿਆ। ਇਹਨਾਂ ਵਹੀਕਲਾਂ ਨੂੰ G.P.R.S. ਦੇ ਨਾਲ ਜੋੜ੍ਹਨ ਲਈ ਬੈਟਰੀ, ਛੱਤਰੀ, ਅਲਟੀਨੇਟਰ ਅਤੇ ਸੈਲਫ ਆਦਿ ਲਾਉਣ ਦੀ ਜਰੂਰਤ ਹੈ। ਇਸ ਲਈ ਹੇਠ ਲਿਖੇ ਵਹੀਕਲਾਂ ਮੁਤਾਬਿਕ ਸਮਾਨ ਲਾਉਣ ਦੀ ਲੋੜ੍ਹ ਹੈ।<br>1. ਟ੍ਰੈਕਟਰ ਨੰਬਰ ਪੀ.ਬੀ. 03 ਕੇ - 5175 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>2. ਟ੍ਰੈਕਟਰ ਨੰਬਰ ਪੀ.ਬੀ. 03 ਪੀ - 6750 ਜੀ.ਪੀ.ਆਰ ਸਿਸਟਮ, ਛੱਤਰੀ, ਬੈਟਰੀ, ਅਲਟੀਨੇਟਰ<br>3. ਟ੍ਰੈਕਟਰ ਨੰਬਰ ਪੀ.ਬੀ. 03 ਟੀ - 5175 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>4. ਟ੍ਰੈਕਟਰ ਨੰਬਰ ਪੀ.ਬੀ. 03 ਪੀ - 1233 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>5. ਟ੍ਰੈਕਟਰ ਨੰਬਰ ਪੀ.ਯੂ.ਟੀ. - 8799 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>6. ਟ੍ਰੈਕਟਰ ਨੰਬਰ ਪੀ.ਬੀ. 03 - 5774 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>7. ਟ੍ਰੈਕਟਰ ਨੰਬਰ ਪੀ.ਏ.ਡਬਲਿਊ - 4843 ਜੀ.ਪੀ.ਆਰ ਸਿਸਟਮ, ਛੱਤਰੀ, ਬੈਟਰੀ, ਅਲਟੀਨੇਟਰ<br>8. ਟ੍ਰੈਕਟਰ ਨੰਬਰ ਪੀ.ਯੂ.ਟੀ. - 6490 ਜੀ.ਪੀ.ਆਰ ਸਿਸਟਮ, ਸੈਲਫ, ਬੈਟਰੀ, ਛੱਤਰੀ, ਅਲਟੀਨੇਟਰ<br>9. ਟ੍ਰੈਕਟਰ ਨੰਬਰ ਪੀ.ਆਈ.ਬੀ. - 3009 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>10. ਟ੍ਰੈਕਟਰ ਨੰਬਰ ਪੀ.ਏ.ਡਬਲਿਊ. - 4424 ਜੀ.ਪੀ.ਆਰ ਸਿਸਟਮ, ਅਲਟੀਨੇਟਰ<br>11. ਟ੍ਰੈਕਟਰ ਨੰਬਰ ਪੀ.ਯੂ.ਟੀ.- 8796 ਜੀ.ਪੀ.ਆਰ ਸਿਸਟਮ, ਬੈਟਰੀ, ਛੱਤਰੀ, ਸੈਲਫ, ਅਲਟੀਨੇਟਰ<br>12. ਟ੍ਰੈਕਟਰ ਨੰਬਰ ਪੀ.ਬੀ.03 ਏ.ਸੀ - 4789 ਜੀ.ਪੀ.ਆਰ ਸਿਸਟਮ, ਬੈਟਰੀ, ਛੱਤਰੀ, ਸੈਲਫ, ਅਲਟੀਨੇਟਰ<br>13. ਟ੍ਰੈਕਟਰ ਨੰਬਰ ਪੀ.ਬੀ. 03 ਟੀ. - 1835 ਜੀ.ਪੀ.ਆਰ ਸਿਸਟਮ, ਬੈਟਰੀ, ਛੱਤਰੀ, ਸੈਲਫ, ਅਲਟੀਨੇਟਰ<br>14. ਨਿਊ ਆਈਸ਼ਰ ਜੀ.ਪੀ.ਆਰ ਸਿਸਟਮ, ਬੈਟਰੀ, ਛੱਤਰੀ, ਸੈਲਫ, ਅਲਟੀਨੇਟਰ<br>ਸੋ ਇਹ ਸਿਸਟਮ ਚਲਾਉਣ ਲਈ ਐਸਟੀਮੇਟ ਲਿਆ ਗਿਆ ਹੈ, ਜਿਸ ਅਨੁਸਾਰ ਇੱਕ ਵਹੀਕਲ (ਟ੍ਰੈਕਟਰ) ਤੇ ਜੀ.ਪੀ.ਆਰ ਸਿਸਟਮ ਤੋਂ ਅਲਗ, ਬੈਟਰੀ, ਛੱਤਰੀ, ਅਲਟੀਨੇਟਰ ਆਦਿ ਸਮਾਨ ਲਾਉਣ ਤੇ ਲਗਭਗ 13000/- ਰੁਪਏ ਖਰਚਾ ਆਵੇਗਾ। ਇਸ ਪ੍ਰਕਾਰ 14 ਵਹੀਕਲਾਂ ਤੇ 13000x14 = 182000/- ਰੁਪਏ ਖਰਚੇ ਦੀ ਪ੍ਰਵਾਨਗੀ ਅਤੇ G.P.R.S. ਨੂੰ ਲਾਉਣ ਲਈ ਕੇਸ ਐਫ. ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

# ਇਸ ਉਪਰੰਤ ਐਫ.ਐਂਡ ਸੀ.ਸੀ. ਦੀ ਮੀਟਿੰਗ ਮਿਤੀ 17.02.2016 ਨੂੰ ਦੁਪਹਿਰ 12.00 ਵਜੇ ਸਪਲੀਮੈਂਟਰੀ ਏਜੰਡਾ ਵਿਚਾਰਿਆ ਗਿਆ:

<table>
<tr><th>ਲੜੀ ਨੰ:</th><th>ਮਤਾ ਨੰ:</th><th>ਏਜੰਡਾ ਆਈਟਮ ਨੰ:</th><th>ਮਤਾ ਜੋ ਪਾਸ ਹੋਇਆ</th></tr>
<tr><td>1.</td><td>55</td><td>ਏਜੰਡਾ ਨੰ: 1<br>ਰਿਪੋਰਟ ਬਾਗਬਾਨੀ ਸ਼ਾਖਾ ਕਿ ਸਪਲਾਈ ਆਫ ਟਰੀ ਗਾਰਡ ਦੇ ਮੁਬਲਿਗ 10.91 ਲੱਖ ਰੁਪਏ ਦੇ ਟੈਂਡਰ ਮਿਤੀ 04.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 8 ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ/ਫਰਮ ਦਾ ਨਾਮ</th><th>ਓਵਰਆਲ ਲੈਸ (%)</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਕੱਕੜ ਫੈਬਰੀਕੇਟਰਜ਼ ਲੁਧਿਆਣਾ</td><td>-23.88</td><td>830469/-</td></tr>
<tr><td>2</td><td>ਮੈਸ: ਬਠਿੰਡਾ ਇੰਟਰਪ੍ਰਾਇਜ਼ਜ਼</td><td>-38.90</td><td>666601/-</td></tr>
<tr><td>3</td><td>ਗੁਰੂ ਤੇਗ ਬਹਾਦੁਰ ਟਰੱਕ ਬਾਡੀ ਬਿਲਡਰਜ਼</td><td>-20.50</td><td>867345/-</td></tr>
<tr><td>4</td><td>ਦਵਿੰਦਰ ਕੁਮਾਰ ਠੇਕੇਦਾਰ</td><td>-26.25</td><td>804612/-</td></tr>
<tr><td>5</td><td>ਸ਼ਕਤੀ ਇੰਜੀਨੀਅਰਿੰਗ ਕੰਪਨੀ</td><td>-25.33</td><td>814649/-</td></tr>
<tr><td>6</td><td>ਡੋਪਨ ਇੰਜੀਨੀਅਰਜ਼</td><td>-31.72</td><td>744934/-</td></tr>
<tr><td>7</td><td>ਸੀਤਾ ਰਾਮ ਠੇਕੇਦਾਰ</td><td>-26.55</td><td>801339/-</td></tr>
<tr><td>8</td><td>ਸੁਮੀਤ ਗਰਗ ਠੇਕੇਦਾਰ</td><td>-33.33</td><td>727369/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਮੈਸ: ਬਠਿੰਡਾ ਐਂਟਰਪ੍ਰਾਇਜ਼ਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 1091000/- ਰੁਪਏ ਦੇ ਮੁਕਾਬਲੇ 666601/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।<br>ਮਜ਼ੀਦ ਪਾਸ ਕੀਤਾ ਗਿਆ ਕਿ ਕਿਉਂ ਜੋ ਨਿਗਮ ਵਿਖੇ ਕਰਮਚਾਰੀਆਂ ਦੀ ਘਾਟ ਹੈ ਅਤੇ ਇਸ ਕੰਮ ਖਾਤਰ ਕਰਮਚਾਰੀ ਲਗਾਉਣ ਤੇ ਸ਼ਹਿਰ ਦੇ ਪਾਰਕਾਂ ਦੀ ਸੁੰਦਰਤਾ ਤੇ ਮਾੜਾ ਅਸਰ ਪੈਂਦਾ ਹੈ। ਇਸ ਲਈ ਪਾਰਕਾਂ ਵਿੱਚੋਂ ਮੌਜੂਦਾ ਕੰਮ ਕਰ ਰਹੇ ਕਰਮਚਾਰੀਆਂ ਨੂੰ ਨਾ ਕੱਢਿਆ ਜਾਵੇ। ਇਸ ਕੰਮ ਖਾਤਰ ਦੋ ਮਹੀਨਿਆਂ ਵਾਸਤੇ 10 ਕਰਮਚਾਰੀ ਆਉਟਸੋਰਸ ਤੇ ਲੈਣਾ ਪਾਸ ਕੀਤਾ ਜਾਂਦਾ ਹੈ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਸਤੋਂ ਇਲਾਵਾ ਇਸ ਟੈਂਡਰ ਦੀ ਬਾਕੀ ਬਚਦੀ ਰਕਮ (ਸੇਵਿੰਗ) ਦੇ ਟਰੀ ਗਾਰਡ ਪ੍ਰਾਪਤ ਹੋਏ ਰੇਟਾਂ ਤੇ ਖਰੀਦ ਕਰਨ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td></tr>
<tr><td>2.</td><td>56</td><td>ਏਜੰਡਾ ਨੰ: 2<br>ਰਿਪੋਰਟ ਵਰਕਸ ਸ਼ਾਖਾ ਕਿ P/Erection of fencing with barbed wire around Toba backside DAV College ਦੇ ਮੁਬਲਿਗ 2.22 ਲੱਖ ਰੁਪਏ ਦੇ ਟੈਂਡਰ ਮਿਤੀ 05.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 3 ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ/ਫਰਮ ਦਾ ਨਾਮ</th><th>ਓਵਰਆਲ ਲੈਸ (%)</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਦੀ ਗੰਗਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>12.13</td><td>195071/-</td></tr>
<tr><td>2</td><td>ਦੀ ਵਿਸ਼ਵਕਰਮਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>18.50</td><td>180930/-</td></tr>
<tr><td>3</td><td>ਦੀ ਮਹਿਤਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ:</td><td>11.11</td><td>197335/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਦੀ ਵਿਸ਼ਵਕਰਮਾ ਕੋ-ਅੱਪ ਐਲ.ਸੀ. ਸੋਸਾਇਟੀ ਲਿਮ: ਦੇ ਰੇਟ ਸੱਭ ਤੋਂ ਘੱਟ ਹਨ। ਸੋਸਾਇਟੀ ਇਹ ਕੰਮ 2.22 ਲੱਖ ਰੁਪਏ ਦੇ ਮੁਕਾਬਲੇ 180930/- ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।</td><td>ਪ੍ਰਵਾਨ ਹੈ।</td></tr>
</table>

s

<table>
<tr>
<td>3.</td>
<td>57</td>
<td>
ਏਜੰਡਾ ਨੰ: 3<br>
ਰਿਪੋਰਟ ਵਰਕਸ ਸ਼ਾਖਾ ਕਿ ਸਪਲਾਈ ਆਫ ਫਸਟ ਕਲਾਸ ਬਰਿਕਸ ਫਾਰ ਐਮ.ਸੀ. ਸਟੋਰ ਸਾਲ 2015-16 ਦੇ ਮੁਬਲਿਗ 2.93 ਲੱਖ ਰੁਪਏ ਦੇ ਟੈਂਡਰ ਮਿਤੀ 04.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ/ਫਰਮ ਦਾ ਨਾਮ</th><th>ਓਵਰਆਲ ਲੈਸ (%)</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਆਰ.ਆਰ. ਇੰਟਰਪ੍ਰਾਇਜ਼ਜ਼</td><td>12.22</td><td>257195/40</td></tr>
<tr><td>2</td><td>ਬਠਿੰਡਾ ਐਟਰਪ੍ਰਾਇਜ਼ਜ਼</td><td>9</td><td>266630/-</td></tr>
<tr><td>3</td><td>ਦਵਿੰਦਰ ਕੁਮਾਰ ਠੇਕੇਦਾਰ</td><td>10.25</td><td>262967/50</td></tr>
<tr><td>4</td><td>ਸੀਤਾ ਰਾਮ ਠੇਕੇਦਾਰ</td><td>8.45</td><td>268241/50</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਆਰ.ਆਰ. ਐਂਟਰਪ੍ਰਾਇਜ਼ਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 2.93 ਲੱਖ ਰੁਪਏ ਦੇ ਮੁਕਾਬਲੇ 257195/40 ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਪ੍ਰਵਾਨ ਹੈ।</td>
</tr>
<tr>
<td>4.</td>
<td>58</td>
<td>
ਏਜੰਡਾ ਨੰ: 4<br>
ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਜਨਰਲ ਰਿਪੇਅਰ ਕਰਨ ਲਈ ਮੋਬਾਇਲ ਵਰਕਸ਼ਾਪ ਤਿਆਰ ਕਰਨ ਲਈ ਟਾਟਾ ਏਸ ਕਿਰਾਏ ਤੇ ਲੈਣ ਦੇ ਮੁਬਲਿਗ 4.14 ਲੱਖ ਰੁਪਏ ਦੇ ਟੈਂਡਰ ਮਿਤੀ 04.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮੰਗੇ ਗਏ ਸਨ। ਇਸ ਸਬੰਧੀ ਹੇਠ ਲਿਖੇ ਅਨੁਸਾਰ 4 ਟੈਂਡਰ ਪ੍ਰਾਪਤ ਹੋਏ ਹਨ:
<table>
<tr><th>ਲੜੀ ਨੰ:</th><th>ਏਜੰਸੀ/ਫਰਮ ਦਾ ਨਾਮ</th><th>ਓਵਰਆਲ ਲੈਸ (%)</th><th>ਟੈਂਡਰ ਕੀਤੀ ਰਕਮ</th></tr>
<tr><td>1</td><td>ਆਰ.ਆਰ.ਇੰਟਰਪ੍ਰਾਇਜ਼ਜ਼</td><td>22.22</td><td>322009/20</td></tr>
<tr><td>2</td><td>ਦਵਿੰਦਰ ਕੁਮਾਰ ਠੇਕੇਦਾਰ</td><td>2.78</td><td>402490/80</td></tr>
<tr><td>3</td><td>ਸੁਮੀਤ ਗਰਗ ਠੇਕੇਦਾਰ</td><td>21.21</td><td>326190/60</td></tr>
<tr><td>4</td><td>ਸੀਤਾ ਰਾਮ ਠੇਕੇਦਾਰ</td><td>6.25</td><td>388125/-</td></tr>
</table>
ਉਪਰੋਕਤ ਟੈਂਡਰਾਂ ਵਿੱਚੋਂ ਆਰ.ਆਰ. ਐਂਟਰਪ੍ਰਾਇਜ਼ਜ਼ ਦੇ ਰੇਟ ਸੱਭ ਤੋਂ ਘੱਟ ਹਨ। ਫਰਮ ਇਹ ਕੰਮ 4.14 ਲੱਖ ਰੁਪਏ ਦੇ ਮੁਕਾਬਲੇ 322009/20 ਰੁਪਏ ਵਿੱਚ ਕਰਨ ਲਈ ਤਿਆਰ ਹੈ। ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।
</td>
<td>ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਸ਼ਹਿਰ ਵਿੱਚ ਇੱਕ ਦੀ ਬਜਾਏ ਦੋ ਮੋਬਾਇਲ ਵਰਕਸ਼ਾਪ ਜਿੰਨ੍ਹਾਂ ਤੇ ਨਗਰ ਨਿਗਮ ਬਠਿੰਡਾ, ਮੋਬਾਇਲ ਵਰਕਸ਼ਾਪ ਲਿਖਿਆ ਹੋਵੇ, ਚਲਾਉਣਾ ਪਾਸ ਕੀਤਾ ਜਾਂਦਾ ਹੈ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਵੀ ਪ੍ਰਾਪਤ ਹੋਏ ਰੇਟਾਂ ਤੇ ਦਿੱਤੀ ਜਾਂਦੀ ਹੈ। ਇਸਤੋਂ ਇਲਾਵਾ ਇਹਨਾਂ ਵਹੀਕਲਜ਼ ਤੇ ਜੀ.ਪੀ.ਐਸ ਲਗਾਉਣ ਲਈ ਆਉਣ ਵਾਲੇ ਖਰਚੇ ਦੀ ਵੀ ਪ੍ਰਵਾਨਗੀ ਦਿੱਤੀ ਜਾਂਦੀ ਹੈ।</td>
</tr>
<tr>
<td>5.</td>
<td>59</td>
<td>
ਏਜੰਡਾ ਨੰ: 5<br>
ਰਿਪੋਰਟ ਵਰਕਸ ਸ਼ਾਖਾ ਕਿ Muncipal Corporation Bathinda invites rate of each of the following items for awareness of general public under Swachh Bharat Mission.
<table>
<tr><td>Agency</td><td>Item No.</td><td></td><td></td><td></td><td></td><td></td><td></td><td></td></tr>
<tr><td></td><td>Wall Painting Oil Bound</td><td>S/F of Flex Board</td><td>Supply of Gandhi Sticker</td><td>Pemphlets i/e/ Insertion per 1000</td><td>Poll Banners 3’x2’</td><td>Canopy 6’x6’</td><td>Key Chain 2”x2”</td><td>School Certificate</td></tr>
<tr><td>Rudraksh Creation</td><td>Rs. 12/- sft</td><td>10.25 sft</td><td>140 per</td><td>350</td><td>65/- per No.</td><td>3000/- per No.</td><td>9.75 per No.</td><td>2.25 per No.</td></tr>
</table>
</td>
<td></td>
</tr>
</table>

| | | | | | | | | |
|---|---|---|---|---|---|---|---|---|
| | | | No. | | | | | |
| Sunrise Graphics | 20 | 18 | - | - | - | - | - | - |
| J.A. Sons (India) | Least Rate of any agency – 2% | | | | | | | |
| Shakti Engineering Co. | 16 | 10.50 | 154 | 500 | 180 | 2800 | 9.90 | 3 |
| Aar Aar Enterprises | 16.50 | 16/- only printing | 160 | 420 | 156 | 2700 | 10.50 | 2.50 |
| M/s. Sangrur Quality Printers | Least Rate by any agency -1% with 50% advance payment | | | | | | | |
| Palco Advertising | 6.50 (minimum 20000 sft) | 35 minimum 7500 sft | 750 | 450 minimum 1.00 lac | 300 minimum 500 | 6000 | 12 minimum 5000 | 11 minimum 1000 |

The tender received from M/s. J.A. Sons and M/s. Sangrur Quality Printers may not be considered as these agencies have not given any specific rate of any item. Rather, these agencies have given rate based upon the rate of other agencies.

Therefore, their tenders need to be rejected.

The item wise lowest rates received are as under:-

1. Wall painting Oil Bound - M/s. Palco Advertising
2. S/F of Flex Board - M/s Rudraksh Creation
3. S/ Gandhi Sticker - -do-
4. Pamphlers i/e Insertion per 1000 - -do-
5. Poll Banners 3'x2' - -do-
6. Canopy 6'x6' - M/s. Aar Aar Enterprises
7. Key Chain 2"x2" - M/s Rudraksh Creation
8. School Certificate - -do-

ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ।

ਪ੍ਰਵਾਨ ਹੈ।

| | | | |
|---|---|---|---|
| 6. | 60 | **ਏਜੰਡਾ ਨੰ: 6**<br>ਰਿਪੋਰਟ ਵਰਕਸ ਸ਼ਾਖਾ ਕਿ O&M of Road Sweeping machines of MCB work ਦੇ ਟੈਂਡਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਮਿਤੀ 18.01.2016 ਨੂੰ ਮੰਗੇ ਗਏ ਸਨ। ਇਸ ਸਬੰਧੀ ਰਿਪੋਰਟ ਹੈ ਕਿ The technical bid of only one agency has been received. But, the financial bid of this agency could not be uploaded. Thereore, no response has been received which is valid. The technical bid received is also lying with the office un-opened. It is therefore, proposed that re-inviting of this tender for 01.02.2016 may be allowed.<br>ਉਕਤ ਅਨੁਸਾਰ ਮਿਤੀ 01.02.2016 ਨੂੰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਦੁਬਾਰਾ ਕਾਲ ਕੀਤੇ ਗਏ। ਇਸ ਸਬੰਧੀ ਰਿਪੋਰਟ ਹੈ ਕਿ The technical bid of the agency Pyara Singh & Sons fulfills the eligibility criteria. Only one bid has been received. The estimated rate per hour is Rs. 1023/- with fuel with four hour effective working. The quoted rate is Rs. 1110/- which is much higher than the estimate. The agency was to be asked to reduced the rate.<br>The agency was called for reducing the quoted rate as ordered by W.CMC vide order dated 02.02.16. The agency has now reduced the rate to Rs. 1020/- per Hour including fuel.<br>The rate is less than the estimated rate of Rs. 1023/- Hour. E-tendering was invited second time for this work. First time no response was received. ਰੇਟ ਪ੍ਰਵਾਨ ਕਰਨ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | ਪ੍ਰਵਾਨ ਹੈ। |
| 7. | 61 | **ਏਜੰਡਾ ਨੰ: 7**<br>ਰਿਪੋਰਟ ਓ.ਐਂਡ ਐਮ ਸ਼ਾਖਾ ਕਿ Revised detailed estimate for Rising Main (400mm i/d D.I. Pipe) to Jujhar Singh Nagar(Ghore Wala Chowk) & augmentation of Head Water Works, Bhagu Road, Bathinda ਦੇ ਸਬੰਧ ਵਿੱਚ ਦਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਆਪਣੇ ਮਤਾ ਨੰਬਰ 393 ਮਿਤੀ 06.12.2012 ਰਾਹੀਂ ਪ੍ਰਵਾਨਗੀ ਦਿੱਤੀ ਗਈ ਸੀ, ਜਿਸ ਵਿੱਚ ਬਠਿੰਡਾ ਸ਼ਹਿਰ ਨੂੰ 100% ਪਾਣੀ ਅਤੇ ਸੀਵਰੇਜ਼ ਦੀ ਸੁਵਿਧਾ ਮੁੱਹਈਆ ਕਰਵਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ 99.43 ਕਰੋੜ੍ਹ ਰੁਪਏ ਸੀਵਰੇਜ਼ ਅਤੇ 36.92 ਕਰੋੜ੍ਹ ਰੁਪਏ ਦਾ ਵਾਟਰ ਸਪਲਾਈ ਦਾ ਐਸਟੀਮੇਟ (ਸਮੇਤ ਭਾਗੂ ਰੋਡ ਦੇ ਵਾਟਰ ਵਰਕਸ ਦੀ ਆਗੂਮੈਨਟੇਸ਼ਨ ਲਈ 14.09 ਕਰੋੜ੍ਹ ਰੁਪਏ ਦਾ ਐਸਟੀਮੇਟ) ਸ਼ਾਮਲ ਸੀ। ਇਸ ਉਪਰੰਤ ਦੁਬਾਰਾ ਇਸ ਵਿੱਚ ਹੁਡਕੋ ਲੋਨ ਦੇ ਵਿਆਜ ਦੀ ਰਕਮ ਅਤੇ ਹੋਰ ਫੀਸ/ਚਾਰਜ਼ਿਜ਼ ਵਿੱਚ ਪਾ ਕੇ ਇਸਨੂੰ 154.69 ਕਰੋੜ੍ਹ ਰੁਪਏ ਕਰ ਦਿੱਤਾ ਗਿਆ ਹੈ। ਇਸਦੀ ਪ੍ਰਵਾਨਗੀ ਹਾਊਸ ਵੱਲੋਂ ਆਪਣੇ ਮਤਾ ਨੰਬਰ 436 ਮਿਤੀ 11.08.2013 ਰਾਹੀਂ ਦਿੱਤੀ ਗਈ ਹੈ।<br>ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਪੰਜਾਬ ਸਰਕਾਰ ਦੇ ਆਦੇਸ਼ਾਂ ਅਨੁਸਾਰ 226.68 ਕਰੋੜ੍ਹ ਰੁਪਏ ਦੀ ਡੀ.ਪੀ.ਆਰ ਤਿਆਰ ਕੀਤੀ ਗਈ, ਜਿਸਦਾ ਮਤਾ ਨੰਬਰ 32 ਮਿਤੀ 01.08.2015 ਅਨੁਸਾਰ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਗਿਆ ਹੈ। ਇਸ ਵਿੱਚੋਂ ਵਾਟਰ ਸਪਲਾਈ ਦੀ ਡੀ.ਪੀ.ਆਰ ਵਿੱਚ ਨਵੇਂ ਕੰਮ ਬਦਲ ਕੇ/ਸ਼ਾਮਲ ਕਰਕੇ ਰਿਵਾਇਜ਼ਡ ਡੀ.ਪੀ.ਆਰ 57.11 ਕਰੋੜ੍ਹ ਰੁਪਏ ਦੀ ਤਿਆਰ ਕੀਤੀ। ਪਰੰਤੂ ਇਸ ਵਿੱਚ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰਬਰ 3 ਬਠਿੰਡਾ ਵੱਲੋਂ ਕਰਵਾਏ ਜਾਣ ਵਾਲੇ ਕੰਮ ਪ੍ਰਤੀ 14.09 ਕਰੋੜ੍ਹ ਰੁਪਏ ਕੰਮ ਦੀ ਵਿਵਸਥਾ ਨਹੀਂ ਕੀਤੀ ਗਈ ਜੋ ਕਿ ਪਹਿਲਾਂ ਡੀ.ਪੀ.ਆਰ ਵਿੱਚ ਸ਼ਾਮਲ ਸੀ।<br>ਇੱਥੇ ਇਹ ਦਸਿਆ ਜਾਂਦਾ ਹੈ ਕਿ ਪਹਿਲਾਂ ਪਾਸ ਹੋਏ ਮਤਾ ਨੰਬਰ 393 ਮਿਤੀ 06.02.2012 ਅਤੇ ਮਤਾ ਨੰਬਰ 436 ਮਿਤੀ 11.08.2013 ਵਿੱਚੋਂ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰਬਰ 03 ਬਠਿੰਡਾ ਵੱਲੋਂ ਜੋ ਹੁਣ ਤੱਕ ਕੰਮ ਕੀਤਾ ਗਿਆ ਹੈ, ਉਸ ਬਦਲੇ 549.46 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।<br>ਹੁਣ ਮਹਿਕਮਾ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 03 ਬਠਿੰਡਾ ਵੱਲੋਂ ਆਪਣੇ ਪੱਤਰ ਨੰਬਰ 521 ਮਿਤੀ | |

| | | | |
|---|---|---|---|
| | | 08.02.2016 ਰਾਹੀਂ ਮੁੱਖ ਇੰਜੀਨੀਅਰ (ਸੈਂਟਰਲ) ਵੱਲੋਂ ਤਕਨੀਕੀ ਮੰਨਜ਼ੂਰੀ ਦੇਣ ਉਪਰੰਤ 14,78,03,560/- ਰੁਪਏ ਦਾ ਰਿਵਾਇਜ਼ਡ ਡਿਟੇਲ ਐਸਟੀਮੇਟ For revised detaled estimate for Rising Main (400mm i/d D.I. Pipe) to Jujhar Singh Nagar (GhoreWala Chowk) & augmentation of Head Water Works Bhagu Road Bathinda ਦਾ ਭੇਜਿਆ ਹੈ।<br>ਜਿਵੇਂ ਕਿ ਪਹਿਲਾਂ ਦਸਿਆ ਗਿਆ ਹੈ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਡੀ.ਪੀ.ਆਰ ਰਿਵਾਇਜ਼ਡ ਕੀਤੀ ਗਈ ਹੈ ਅਤੇ ਉਸ ਵਿੱਚ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 03 ਦਾ ਐਸਟੀਮੇਟ ਸ਼ਾਮਲ ਨਹੀਂ ਕੀਤਾ ਗਿਆ ਸੀ। ਕਿਉਂਕਿ ਇਸ ਮਹਿਕਮੇ ਦਾ ਪ੍ਰੋਜੈਕਟ ਪੂਰਾ ਕਰਨ ਲਈ ਇਸਦੀ ਪ੍ਰਵਾਨਗੀ ਲੈਣੀ ਜਰੂਰੀ ਹੈ ਤਾਂ ਕਿ ਸੀਵਰੇਜ਼ ਬੋਰਡ ਵੱਲੋਂ ਤਿਆਰ ਕੀਤੀ ਗਈ ਡੀ.ਪੀ.ਆਰ 226.68 ਕਰੋੜ ਰੁਪਏ ਦੇ ਨਾਲ 14.78 ਕਰੋੜ ਰੁਪਏ ਹੋਰ ਪਾਸ ਹੋਣੇ ਜਰੂਰੀ ਹਨ, ਤਾਂ ਕਿ ਇਹ ਪ੍ਰੋਜੈਕਟ ਪੂਰਾ ਹੋ ਸਕੇ।<br>ਇਸ ਲਈ ਉਪਰੋਕਤ ਨੂੰ ਮੁੱਖ ਰਖਦੇ ਹੋਏ ਜਲ ਸਪਲਾਈ ਅਤੇ ਸੈਨੀਟੇਸ਼ਨ, ਮੰਡਲ ਨੰਬਰ 03 ਵੱਲੋਂ ਭੇਜੇ ਗਏ ਰਿਵਾਇਜ਼ਡ ਤਖਮੀਨੇ ਦੀ ਰਕਮ 14,78,03,560/- ਰੁਪਏ ਦੀ ਪ੍ਰਵਾਨਗੀ ਲਈ ਕੇਸ ਐਫ.ਐਂਡ ਸੀ.ਸੀ. ਦੇ ਵਿਚਾਰ ਹਿੱਤ। | **ਪ੍ਰਵਾਨ ਹੈ।** |

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

s